ਪੰਜਾਬੀ ਜਾਗਰਣ | ਜਲੰਧਰ 31 ਮਈ 2017
www.punjabijagran.com

# ਮਲਟੀਨੈਸ਼ਨਲ ਕੰਪਨੀ ਨੇ ਪਲੇਸਮੈਂਟ ਲਈ ਚੁਣੇ ਵਿਦਿਆਰਥੀ

**ਸਟੇਫ ਰਿਪੋਰਟਰ, ਰੂਪਨਗਰ :** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਆਫ ਫਾਰਮੇਸੀ, ਬੇਲਾ (ਰੋਪੜ) ਵਿਖੇ ਪਲੇਸਮੈਂਟ ਲਈ ਆਈਆਂ ਮਲਟੀ ਨੈਸ਼ਨਲ ਕੰਪਨੀਆਂ ਲਾਇਰਾ ਲੈਬੋਰੇਟਰੀਜ਼ ਪ੍ਰਾ. ਲਿ., ਹਾਈਟੈਕ ਪ੍ਰਾ. ਲਿ ਅਤੇ ਬੀ. ਆਰ. ਡੀ. ਮੈਡੀਲੈਬਸ, ਬੱਦੀ ਤੋਂ ਆਏ ਮਾਹਰਾਂ ਦੀ ਟੀਮ ਨੇ ਬੀ. ਫਾਰਮ. ਅਤੇ ਐਮ. ਫਾਰਮ. ਫਾਈਨਲ ਸਾਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਇੰਟਰਵਿਊ ਕੀਤੀ। ਇੰਟਰਵਿਊ 'ਚ ਲਾਇਰਾ ਲੈਬੋਰੇਟਰੀਜ਼ ਪ੍ਰਾ. ਲਿ. ਦੁਆਰਾ ਬੀ. ਫਾਰਮ. ਦੇ ਫਾਇਨਲ ਸਮੈਸਟਰ 3 ਵਿਦਿਆਰਥੀ ਸਤਨਾਮ ਸਿੰਘ, ਅਨੁਰਾਧਾ, ਹਰੀਸ਼ ਕੁਮਾਰ, ਅਤੇ ਹਾਈਟੈਕ ਪ੍ਰਾ. ਲਿ. ਵਿੱਚ ਰੋਹਨ ਗੁਪਤਾ, ਜੋਤੀਕਾ ਗੁਪਤਾ ਅਤੇ ਰੀਆ ਸ਼੍ਰੀਵਾਸਤਵ ਦੀ ਚੋਣ ਇੰਅਰਵਿਊ ਦੇ 4 ਰਾਊਂਡਾਂ ਨੂੰ ਕੁਆਲੀਫਾਈ ਕਰਨ ਉਪਰੰਤ ਹੋਈ। ਇਸ ਤੋਂ ਇਲਾਵਾ ਬੀ. ਆਰ. ਡੀ. ਮੈਡੀਲੈਬਸ, ਬੱਦੀ ਵਿੱਚ ਬੀ. ਫਾਰਮੇਸੀ ਦੀ ਅੱਠਵੇਂ ਸਮੈਸਟਰ ਦੀ ਵਿਦਿਆਰਥਣ ਮਿਸ ਹਰਪ੍ਰੀਤ ਕੌਰ ਦੀ ਚੋਣ ਹੋਈ। ਇਹ ਸਾਰੇ ਵਿਦਿਆਰਥੀ ਆਪਣੀਆਂ ਫਾਈਨਲ ਪ੍ਰੀਖਿਆਵਾਂ ਤੋਂ ਬਾਅਦ ਆਪਣੀ ਡਿਊਟੀ ਜੁਆਇਨ ਕਰਨਗੇ। ਕੰਪਨੀਆਂ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਪ੍ਰਤੀ ਸਾਲ ਚੰਗਾ ਸੈਲਰੀ ਪੈਕੇਜ ਦਿੱਤੇ ਜਾਣ ਦਾ ਇਕਰਾਰ ਕੀਤਾ ਗਿਆ ਹੈ। ਸਮੂਹ ਕਾਲਜ ਪ੍ਰਬੰਧਕ ਕਮੇਟੀ ਅਤੇ ਡਾਇਰੈਕਟਰ-ਕਮ-ਮੈਂਬਰ ਸਕੱਤਰ ਡਾ. ਸੈਲੇਸ਼ ਸ਼ਰਮਾ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

ਡਾ. ਸ਼ਰਮਾ ਨੇ ਕੰਪਨੀ ਤੋਂ ਆਏ ਹੋਏ ਮਾਹਰਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਮੈਂ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਤੁਹਾਡਾ ਸਹਿਯੋਗ ਸੰਸਥਾ ਨੂੰ ਮਿਲਦਾ ਰਹੇਗਾ। ਅੰਤ ਵਿੱਚ ਪਲੇਸਮੈਂਟ ਇੰਚਾਰਜ ਡਾ. ਸੈਲੇਸ਼ ਸ਼ਰਮਾ ਨੇ ਪਲੇਸਮੈਂਟ ਕਰਨ ਲਈ ਆਏ ਮਾਹਰਾਂ ਦਾ ਧੰਨਵਾਦ ਕੀਤਾ।



ਮਲਟੀਨੈਸ਼ਨਲ ਕੰਪਨੀਆਂ ਵੱਲੋਂ ਰੁਜ਼ਗਾਰ ਲਈ ਚੁਣੇ ਗਏ ਬੇਲਾ ਕਾਲਜ ਦੇ ਵਿਦਿਆਰਥੀ ਤੇ ਕਾਲਜ ਡਾਇਰੈਕਟਰ-ਕਮ-ਮੈਂਬਰ ਸਕੱਤਰ ਡਾ. ਸੈਲੇਸ਼ ਸ਼ਰਮਾ।

### ਰੁਜ਼ਗਾਰ ਦੇ ਮੌਕੇ

- ਬੇਲਾ ਫਾਰਮੇਸੀ ਕਾਲਜ 'ਚ ਪਹੁੰਚੀ ਮਲਟੀਨੈਸ਼ਨਲ ਕੰਪਨੀ
- ਬੱਚਿਆਂ ਨੂੰ ਵਧਾਈ ਦੇ ਕੇ ਕੀਤੀ ਸੁਨਹਿਰੀ ਭਵਿੱਖ ਦੀ ਕਾਮਨਾ